22140627

International Baccalaureate®
Baccalauréat International
Bachillerato Internacional

**PUNJABI A: LITERATURE – STANDARD LEVEL – PAPER 1**
**PANJABI A : LITTÉRATURE – NIVEAU MOYEN – ÉPREUVE 1**
**PUNJABI A: LITERATURA – NIVEL MEDIO – PRUEBA 1**

Friday 9 May 2014 (morning)
Vendredi 9 mai 2014 (matin)
Viernes 9 de mayo de 2014 (mañana)

1 hour 30 minutes / 1 heure 30 minutes / 1 hora 30 minutos

---

INSTRUCTIONS TO CANDIDATES

- Do not open this examination paper until instructed to do so.
- Write a guided literary analysis on one passage only. In your answer you must address both of the guiding questions provided.
- The maximum mark for this examination paper is *[20 marks]*.

INSTRUCTIONS DESTINÉES AUX CANDIDATS

- N’ouvrez pas cette épreuve avant d’y être autorisé(e).
- Rédigez une analyse littéraire dirigée d’un seul des passages. Les deux questions d’orientation fournies doivent être traitées dans votre réponse.
- Le nombre maximum de points pour cette épreuve d’examen est *[20 points]*.

INSTRUCCIONES PARA LOS ALUMNOS

- No abra esta prueba hasta que se lo autoricen.
- Escriba un análisis literario guiado sobre un solo pasaje. Debe abordar las dos preguntas de orientación en su respuesta.
- La puntuación máxima para esta prueba de examen es *[20 puntos]*.





© International Baccalaureate Organization 2014

https://xtremepape.rs/

*ਸਿਰਫ* ***ਇੱਕ*** *ਬੰਦ ਦਾ ਨਿਰਦੇਸ਼ਿਤ ਸਾਹਿਤਕ ਵਿਸ਼ਲੇਸ਼ਣ ਲਿਖੋ। ਆਪਣੇ ਉੱਤਰ ਵਿੱਚ ਤੁਹਾਨੂੰ ਨਿਰਦੇਸ਼ਨ ਕਰਦੇ ਦਿੱਤੇ ਹੋਏ ਦੋਹਾਂ ਸਵਾਲਾਂ ਬਾਰੇ ਜ਼ਰੂਰ ਲਿਖਣਾ ਚਾਹੀਦਾ ਹੈ।*

**1.**

ਮਾਂ ਨੇ ਅਜੇ ਕਿੰਨੇ ਹੀ ਚਾਅ ਪੂਰੇ ਕਰਨੇ ਹਨ। ਆਂਢਣਾਂ ਗੁਆਂਢਣਾਂ ਨੂੰ ਲੋਹੜੀ ਦਾ ਤਿਉਹਾਰ ਦਿਖਾਉਣਾ ਹੈ। ਹਰ ਆਈ ਗਈ ਨੂੰ ਹੁੱਬ ਕੇ ਦੱਸਣਾ ਹੈ … ਰੱਜੇ ਪੁੱਜੇ ਘਰ ਦੀ ਐ, ਪੈਲ੍ਹਾਂ ਬਥੇਰਾ ਕੁਛ ਲਿਆਂਦੈ, ਹੁਣ ਬਥੇਰਾ ਕੁਛ ਲਿਆਈ ਐ, ਰੋਜ਼ ਹੀ ਲਿਆਊਗੀ, ਧੀ ਦਾ ਦੇਣ ਤਾਂ ਸਾਰੀ ਉਮਰ ਨਹੀਂ ਮੁੱਕਦਾ। ਮਾਂ ਨੂੰ ਚਾਅ ਹੈ, ਹਰ ਆਈ ਗਈ ਦੇ ਮੂੰਹੋਂ ਇਹੋ ਜਿਹੀਆਂ ਗੱਲਾਂ ਸੁਣਨ ਦਾ … ਤੇਰੀ ਨੂੰਹ ਭਾਗਾਂ ਵਾਲੀ ਐ ਜਸਬੰਤ ਕੁਰੇ, ਧਰਤੀ ਨਮਸਕਾਰਿਆ ਕਰ ਦੋਹੀਂ ਬੇਲੀਂ, ਕਿਸਮਤਾਂ ਨਾਲ ਇਹੋ ਜਿਹੇ ਸਾਕ ਜੁੜਦੇ ਐ, ਮੋਤੀ ਪੁੰਨ ਕੀਤੇ ਵੇਐ ਤੇਰੇ ਪਿਛਲੇ ਜਨਮ ਦੇ।

ਕਦੇ ਮਾਂ ਦੇ ਚਾਅ ਘੇਰਾ ਘੱਤ ਕੇ ਮੇਰੇ ਦੁਆਲੇ ਘੁੰਮ ਰਹੇ ਹੁੰਦੇ ਤੇ ਕਦੇ ਰੂਪ ਦੀਆਂ ਬਾ-ਮੁਸ਼ੱਕਤ ਕੈਦ ਦੀਆਂ ਗੱਲਾਂ। ਅਖੀਰ ਸਾਰੀਆਂ ਗੱਲਾਂ ਦਾ ਵਿਸ਼ਲੇਸ਼ਣ ਕਰਕੇ ਇੱਕ ਸਪੱਸ਼ਟ ਸਿੱਟੇ ਤੇ ਪਹੁੰਚਦਾ ਹਾਂ। ਪਰ ਸਿੱਧੀ ਗੱਲ ਆਖ ਕੇ ਮਾਂ ਦਾ ਦਿਲ ਤੋੜਨ ਨੂੰ ਜੀ ਨਹੀਂ ਕਰਦਾ। ਰੂਪ ਨੂੰ ਇਕੱਲੀ ਪਿੰਡ ਨਾ ਛੱਡਣ ਦਾ ਫੈਸਲਾ ਮੈਂ ਪਹਿਲਾਂ ਹੀ ਕਰ ਚੁੱਕਿਆ ਹਾਂ। ਪਰ ਇੱਟ ਵਾਂਗ ਇਹ ਫੈਸਲਾ ਮਾਂ ਦੇ ਮੱਥੇ ਵਿੱਚ ਨਹੀਂ ਮਾਰਿਆ ਜਾ ਸਕਦਾ। ਦੁਬਿਧਾ ਵਿੱਚ ਫਸ ਗਿਆ ਹਾਂ। ਅਖੀਰ ਇੱਕ ਵਿਉਂਤ ਮੇਰੇ ਦਿਮਾਗ ਵਿੱਚ ਆਉਂਦੀ ਹੈ। ਕੁਝ ਸਮਾਂ ਹੋਰ ਗੱਲ ਨੂੰ ਟਾਲਿਆ ਜਾ ਸਕਦਾ ਹੈ। ਮਾਂ ਨੂੰ ਚਿੱਠੀ ਲਿਖਦਾ ਹਾਂ।

"ਸਤਿਕਾਰਯੋਗ ਮਾਤਾ ਜੀ, ਤੁਸੀਂ ਰੂਪ ਨੂੰ ਪਿੰਡ ਛੱਡ ਜਾਣ ਬਾਰੇ ਲਿਖਿਆ ਹੈ ਪਰ ਤੁਹਾਨੂੰ ਕੁਝ ਦਿਨ ਹੋਰ ਰੂਪ ਤੋਂ ਬਿਨਾਂ ਰਹਿਣਾ ਪਵੇਗਾ ਕਿਉਂਕਿ ਮੈਂ ਰੂਪ ਦੇ ਲਸਣ ਦਾ ਉਪਰੇਸ਼ਨ ਕਰਵਾਉਣ ਬਾਰੇ ਸੋਚ ਰਿਹਾ ਹਾਂ। ਤੁਸੀਂ ਵੀ ਕਈ ਵਾਰੀ ਉਸਦੇ ਲਸਣ ਦੀ ਗੱਲ ਕੀਤੀ ਹੈ। ਉਪਰੇਸ਼ਨ ਕਰਵਾਉਣ ਲਈ ਇਹ ਮੌਸਮ ਵਧੀਆ ਦੱਸਿਆ ਗਿਆ ਹੈ। ਉਪਰੇਸ਼ਨ ਤੋਂ ਪਿੱਛੋਂ ਮੈਂ ਰੂਪ ਨੂੰ ਪਿੰਡ ਲਿਆਵਾਂਗਾ। ਅਸੀਂ ਦਸ ਵੀਹ ਦਿਨ ਰਹਾਂਗੇ। ਇਸ ਕੰਮ ਲਈ ਜੇ ਤੁਹਾਡੀ ਲੋੜ ਪਈ ਤਾਂ ਪਤਾ ਦਿਆਂਗਾ।"

ਤੇ ਮੈਂ ਅਗਲੇ ਦਿਨ ਇੱਕ ਮਹੀਨੇ ਦੀ ਛੁੱਟੀ ਲੈ ਕੇ ਰੂਪ ਕੋਲ ਪਹੁੰਚ ਜਾਂਦਾ ਹਾਂ। ਰਾਜਿੰਦਰਾ ਹਸਪਤਾਲ ਵਿੱਚ ਦਾਖਲ ਕਰਵਾ ਦਿੰਦਾ ਹਾਂ। ਉਪਰੇਸ਼ਨ ਰਾਹੀਂ ਉਸ ਦੇ ਲਸਣ ਦਾ ਕਾਲਾ ਮਾਸ ਲਾਹ ਦਿੱਤਾ ਜਾਂਦਾ ਹੈ। ਉਸ ਥਾਂ ਤੇ ਉਸ ਦੇ ਪੱਟ ਦਾ ਮਾਸ ਕੱਟ ਕੇ ਪਲਾਸਟਿਕ ਸਰਜਰੀ ਰਾਹੀਂ ਲਗਾ ਦਿੱਤਾ ਜਾਂਦਾ ਹੈ। ਰੂਪ ਨੂੰ ਦੂਹਰੇ ਜ਼ਖਮ ਦੀ ਪੀੜ ਤੋਂ ਬਚਾਉਣ ਲਈ ਮੈਂ ਆਪਣਾ ਮਾਸ ਦੇਣ ਦੀ ਪੇਸ਼ਕਸ਼ ਕਰਦਾ ਹਾਂ ਤਾਂ ਡਾਕਟਰ ਹੱਸ ਪੈਂਦਾ ਹੈ। ਰੂਪ ਨੂੰ ਦੋ ਜ਼ਕਮਾਂ ਦੀ ਤਕਲੀਫ ਹੁੰਦੀ ਹੈ ਪਰ ਚੀਸਾਂ ਮੇਰੇ ਦਿਲ ਵਿੱਚ ਪੈਂਦੀਆਂ ਹਨ। ਉਸਦੀ ਸਾਰੀ ਪੀੜ ਮੈਂ ਡੀਕ ਲਾ ਕੇ ਪੀ ਜਾਣਾ ਚਾਹੁੰਦਾ ਹਾਂ। ਉਸਦਾ ਦਰਦ ਘਟਾਉਣ ਦੀ ਹਰ ਸੰਭਵ ਕੋਸ਼ਿਸ਼ ਕਰਦਾ ਹਾਂ।

ਆਪਣੇ ਹੱਥਾਂ ਨਾਲ ਉਸ ਨੂੰ ਜੂਸ ਪਿਲਾਉਂਦਾ ਹਾਂ। ਮੌਕਾ ਮਿਲਣ ਤੇ ਉਸਦਾ ਸਿਰ ਘੁੱਟਦਾ ਹਾਂ। ਆਪਣਾ ਇਮੇਜ ਉਸ ਦੇ ਮਨ ਵਿੱਚ ਮੁੜ ਸਥਾਪਤ ਕਰਨ ਦਾ ਇਹ ਮੌਕਾ ਮੈਨੂੰ ਮਸਾਂ ਮਿਲਿਆ ਹੈ। ਪਿੰਡ ਰਹਿ ਕੇ ਉਸ ਦੇ ਅੰਦਰ ਬਣੇ ਸਾਰੇ ਅਣਸੁਖਾਵੇਂ ਪ੍ਰਭਾਵ ਧੋ ਦੇਣਾ ਚਾਹੁੰਦਾ ਹਾਂ। ਆਪਣੇ ਅੰਦਰ ਪੈਦਾ ਹੋਏ ਅਪਰਾਧੀਪੁਣੇ ਦੇ ਅਹਿਸਾਸ ਨੂੰ ਮਿਟਾ ਦੇਣਾ ਚਾਹੁੰਦਾਹਾਂ। ਉਸਦੀਆ ਅੱਖਾਂ ਵਿੱਚ ਆਪਣਾ ਖੋਇਆ ਹੋਇਆ ਮਸੀਹਾਪਨ, ਦੇਵਤਾਪਨ ਮੁੜ ਕਾਇਮ ਕਰਨਾ ਚਾਹੁੰਦਾ ਹਾਂ। ਇਸ ਉਪਰੇਸ਼ਨ ਨੇ ਸਾਡੇ ਅੰਦਰਲੀਆਂ ਕਿੰਨੀਆਂ ਹੀ ਦੂਰੀਆਂ ਖਤਮ ਕਰ ਦਿੱਤੀਆਂ ਹਨ।

ਜ਼ਖਮ ਭਰ ਜਾਂਦੇ ਹਨ, ਪੱਟੀਆਂ ਖੁੱਲ੍ਹ ਜਾਂਦੀਆ ਹਨ। ਟਾਂਕੇ ਕੱਟ ਦਿੱਤੇ ਜਾਂਦੇ ਹਨ। ਉਪਰੇਸ਼ਨ ਪਿੱਛੋਂ ਪਹਿਲੀ ਵਾਰ ਜਦ ਰੂਪ ਆਪਣਾ ਮੂੰਹ ਸ਼ੀਸ਼ੇ ਵਿੱਚ ਦੇਖਦੀ ਹੈ ਤਾਂ ਉਸਦੀਆਂ ਗੱਲ੍ਹਾਂ ਤੇ ਇੱਕਦਮ ਗੁਲਾਲ ਛਿੜਕਿਆ ਜਾਂਦਾ ਹੈ। ਉਸਦੇ ਸਾਹਮਣੇ ਖੜ੍ਹਾ ਮੈਂ ਉਸਦੇ ਚਿਹਰੇ ਦਾ ਪ੍ਰਭਾਵ ਪੜ੍ਹ ਰਿਹਾ ਹਾਂ। ਉਸਦੀਆਂ ਅੱਖਾਂ ਅਨੋਖੀ ਖੁਸ਼ੀ ਨਾਲ ਚਮਕ ਉਠਦੀਆਂ ਹਨ। ਖੁਸ਼ੀ ਉਸ ਤੋਂ ਸਾਂਭੀ ਨਹੀਂ ਜਾਂਦੀ, ਭੱਜਕੇ ਉਹ ਮੈਨੂੰ ਜੱਫੀ ਪਾ ਲੈਂਦੀ ਹੈ।

"ਪਿੱਤੀ! ਮੈਂ ਬਹੁਤ ਖੁਸ਼ ਆਂ ਪਿੱਤੀ!" ਕਹਿੰਦੀ ਹੋਈ ਸਾਰੇ ਜ਼ੋਰ ਨਾਲ ਮੈਨੂੰ ਚੁੰਮ ਲੈਂਦੀ ਹੈ। ਅੱਜ ਕਾਫੀ ਦੇਰ ਬਾਅਦ ਪਹਿਲੀ ਵਾਰ ਉਸ ਨੇ ਮੈਨੂੰ ਆਪਣਾ ਸਮਝ ਕੇ ਬੁਲਾਇਆ ਹੈ। ਰੂਪ ਨੂੰ ਦੋਬਾਰਾ ਜਿੱਤਣ ਦੀ ਪ੍ਰਾਪਤੀ ਦੇ ਅਹਿਸਾਸ ਵਿੱਚੋਂ ਪੈਦਾ ਹੋਈ ਤ੍ਰਿਪਤੀ ਭਰੀ ਖੁਸ਼ੀ ਨਾਲ ਮੇਰਾ ਦਿਲ ਨੱਕੋ ਨੱਕ ਭਰ ਜਾਂਦਾ ਹੈ।

ਇੰਦਰ ਸਿੰਘ ਖਾਮੋਸ਼, *ਰਿਸ਼ਤਿਆਂ ਦੇ ਰੰਗ* (1978)



https://xtremepape.rs/

(a) ਵਾਰਤਾ ਦੇ ਵਿਸ਼ੇ ਵਸਤੂ ਅਤੇ ਪਾਤਰਾਂ ਦੇ ਰਿਸ਼ਤਿਆਂ ਬਾਰੇ ਬਾਰੇ ਤੁਸੀਂ ਕੀ ਸਮਝਦੇ ਹੋ ?

(b) ਵਾਰਤਾ ਵਿੱਚ ਵਰਤੀ ਗਈ ਬੋਲੀ ਅਤੇ ਸ਼ਬਦਾਵਲੀ ਇਸ ਦੇ ਮੁੱਖ ਪਾਤਰ ਦੇ ਮਨ ਦੀ ਸਥਿਤੀ ਦੀ ਅਸਲੀਅਤ ਪੇਸ਼ ਕਰਨ ਵਿੱਚ ਕਿਵੇਂ ਮਦਦ ਕਰਦੇ ਹਨ ?



https://xtremepape.rs/

**2.**

## ਅਜੇ ਹੋਈ ਨਹੀਂ ਦੇਰ

ਆ ਜਾ ਗਾਮੇ, ਆ ਜਾ ਰਾਮੇ, ਆ ਜਾ ਲਾਮੇ ਭਾਈ
ਮਨ ਮੇਰੇ ਵਿੱਚ ਕਿਸੇ ਸੋਚ ਨੇ ਬੜੀ ਚਿਤਵਈ ਲਾਈ
ਹੌਲੀ ਹੌਲੀ ਦੇਸ 'ਚੋਂ ਯਾਰੋ, ਰੁੱਖ ਜੇ ਸਾਰੇ ਮੁੱਕ ਜਾਵਣਗੇ
ਮਸੂਮ ਇਹ ਪੰਛੀ ਭੋਲੇ ਭਾਲੇ, ਕਿੱਥੇ ਘਰ ਬਨਾਵਣਗੇ।

ਨਜ਼ਰੋਂ ਓਹਲੇ ਹੁੰਦੇ ਜਾ ਰਹੇ, ਕੁਦਰਤ ਦੇ ਅਨਮੋਲ ਨਜ਼ਾਰੇ
ਉੱਡਦੇ ਸਨ ਜੋ ਝੁੰਡ ਬਣਾ ਕੇ, ਕਿੱਧਰ ਗਏ ਉਹ ਤੋਤੇ ਸਾਰੇ
ਅਸਮਾਨੀ ਹੱਥ ਲਾਉਣ ਵਾਲੀਆਂ, ਇੱਲ੍ਹਾਂ ਸਾਥੋਂ ਦੂਰ ਨੇ ਹੋਈਆਂ
ਪ੍ਰਦੂਸ਼ਣ ਵਾਲੀ ਸੂਈ ਅੱਗੇ, ਹੌਲੀ ਹੌਲੀ ਜਾਣ ਪਰੋਈਆਂ।

ਘੁੱਗੀਆਂ ਦੀ ਹੁਣ ਗੁਟਕੂੰ, ਨਾ ਕੰਨੀਂ ਸਾਡੇ ਪੈਂਦੀ ਏ
ਰੁੱਸ ਗਈ ਲਗਦੀ ਨਾਲ ਅਸਾਂ ਦੇ, ਦੂਰ ਕਿਤੇ ਉਹ ਰਹਿੰਦੀ ਏ
ਜੰਗਲੀ ਕਬੂਤਰ ਮਾਰੇ ਡਰ ਦੇ, ਕਿਧਰੇ ਉਡਾਰੀ ਮਾਰ ਗਏ
ਅੰਬਰ ਨੂੰ ਸੀ ਜਿਨ੍ਹਾਂ ਨੇ ਜਿੱਤਿਆ, ਲਗਦੈ ਉਹ ਵੀ ਹਾਰ ਗਏ।

ਭਾਵੇਂ ਨਿੱਕੇ ਬਾਲ ਅਸੀਂ ਹਾਂ, ਕਰੀਏ ਕਾਰਨਾਮੇ ਕੋਈ ਵੱਡੇ
ਥਾਂ ਥਾਂ ਰੁੱਖ ਲਗਾ ਕੇ ਆਪਾਂ, ਪੁੱਟ ਸੁੱਟੀਏ ਪ੍ਰਦੂਸ਼ਣ ਦੇ ਕੰਡੇ
ਸੁਹਾਵੀ "ਕੋਮਲ" ਧਰਤ ਜੇ ਹੋਊ, ਮੁੜ ਰੁੱਸੇ ਪੰਖੇਰੂ ਆਵਣਗੇ
ਮਸੂਮ ਇਹ ਪੰਛੀ ਭੋਲੇ ਭਾਲੇ, ਫੇਰ ਤੋਂ ਆਲ੍ਹਣੇ ਪਾਵਣਗੇ।

ਕੋਮਲ ਸਿੰਘ, *ਚੀਚੋ ਚੀਚ ਗਨ੍ਹੇਰੀਆਂ* (2001)

(a) ਇਸ ਕਵਿਤਾ ਵਿੱਚ ਪੇਸ਼ ਕੀਤੇ ਵਰਤਮਾਨ ਸਮੇਂ ਦਾ ਵਰਣਨ ਕਰਦੇ ਹੋਏ ਟਿੱਪਣੀ ਕਰੋ ਅਤੇ ਭਵਿੱਖ ਬਾਰੇ ਕੀ ਕਲਪਨਾ ਕੀਤੀ ਗਈ ਹੈ ?

(b) ਕਵਿਤਾ ਲਿਖਣ ਦੀ ਕਲਾ ਦੇ ਕਿਹੜੇ ਗੁਣ ਕਵੀ ਦੇ ਸੁਨੇਹੇ ਨੂੰ ਪ੍ਰਭਾਵਸ਼ਾਲੀ ਬਨਾਉਣ ਵਿੱਚ ਯੋਗਦਾਨ ਪਾਉਂਦੇ ਹਨ ?



https://xtremepape.rs/